# **ਸਮਝੌਤੇ ਦੀਆਂ ਸ਼ਰਤਾਂ ਦਾ ਸੰਖੇਪ ਖੁਲਾਸਾ**

## **Save-On-Foods ਅਤੇ UFCW 1518**

**-ਜੁਲਾਈ 2023-**

***ਵੇਤਨ ਵਿੱਚ ਸੁਧਾਰ***

**ਨਵਾਂ ਕੀ ਹੈ:** *ਟਾਪ ਰੇਟ ਗ੍ਰਿਡ A* ਅਤੇ *ਨੌਨ-ਗ੍ਰਿਡ A* ਕਰਮਚਾਰੀਆਂ ($21.00+) ਦੇ ਵੇਤਨ ਵਿੱਚ ਅਗਲੇ 4 ਸਾਲਾਂ ਵਿੱਚ ਘੱਟੋ-ਘੱਟ 12% ਦਾ ਵਾਧਾ ਹੋਵੇਗਾ:

- 2023 ਵਿੱਚ 5% (ਮਿਤੀ ਅਪ੍ਰੈਲ 2, 2023 ਤੋਂ)
- 2024 ਵਿੱਚ 3%,
- 2025 ਵਿੱਚ 2%,
- 2026 ਵਿੱਚ 2%

**ਨਵਾਂ ਕੀ ਹੈ:** ਜਿਵੇਂ ਕਿ ਉੱਪਰ ਵਿਖਾਇਆ ਗਿਆ ਹੈ ਫਾਰਮੇਸੀ ਅਸਿਸਟੈਂਟਾਂ ਅਤੇ ਰਜਿਸਟਰਡ ਟੈਕਨੀਸ਼ਿਅਨਾਂ ਦਾ ਵੇਤਨ ਸਕੇਲ ਕਾਫੀ ਬਿਹਤਰ ਹੋਵੇਗਾ, ਉਹ ਜ਼ਿਆਦਾ ਤੇਜ਼ੀ ਨਾਲ ਅੱਗੇ ਵੱਧਣਗੇ, ਟਾਪ ਰੇਟ ਕਰਮਚਾਰੀਆਂ ਲਈ ਜ਼ਿਆਦਾ ਉੱਚੇ ਟਾਪ ਰੇਟ ਅਤੇ ਸਾਲਾਨਾ ਵਾਧੇ ਹੋਣਗੇ।

**ਨਵਾਂ ਕੀ ਹੈ:** ਰੈਸਟੋਰੈਂਟ, ਰਸੋਈਏ ਅਤੇ ਕੌਫੀ ਬਾਰ ਲਈ ਵੇਤਨ ਸੀਮਾ ਨਹੀਂ ਹੋਵੇਗੀ! ਉਹ ਨਵੇਂ ਵੇਤਨ ਸਕੇਲ 'ਤੇ ਉੱਪਰ ਟਾਪ ਰੇਟ ਤੱਕ ਜਾਣਗੇ ਅਤੇ ਉੱਪਰ ਦੱਸੇ ਸਾਲਾਨਾ % ਵਾਧੇ ਪ੍ਰਾਪਤ ਕਰਨਗੇ।

**ਨਵਾਂ ਕੀ ਹੈ:** ਵੇਤਨ ਸਕੇਲ – ਟਾਪ ਰੇਟ 'ਤੇ ਪਹੁੰਚਣ ਲਈ ਘੱਟ ਸਮਾਂ (ਇੱਕ ਸਾਲ ਤੋਂ ਵੱਧ ਘੱਟਿਆ), ਹਰ ਚਰਣ 'ਤੇ ਵੇਤਨ ਵਿੱਚ ਜ਼ਿਆਦਾ ਵਾਧੇ, ਟਾਪ ਰੇਟ 'ਤੇ ਪਹੁੰਚਣ 'ਤੇ ਸਾਲਾਨਾ % ਵਾਧਾ ਹੋਰ ਜ਼ਿਆਦਾ ਅਤੇ 6 ਮਹੀਨਿਆਂ (1040 ਘੰਟੇ) ਤੋਂ ਵੱਧ ਕੰਮ ਕਰਨ ਵਾਲੇ ਹਰ ਕਰਮਚਾਰੀ ਲਈ ਵੇਤਨ ਵਿੱਚ ਵਾਧੇ। *ਨਵੇਂ ਸਕੇਲ ਵਿੱਚ ਜਾਣ 'ਤੇ ਵੇਤਨ ਦਰਾਂ ਬਾਰੇ ਵੇਰਵੇ ਲਈ ਅੰਤਿਕਾ 1 ਅਤੇ ਜਾਣਕਾਰੀ ਗ੍ਰਾਫਿਕ ਦੇਖੋ।

| Step | Approx time of service OR rate of pay on the step today | New Wage on Sunday, July 16 |
|---|---|---|
| 13 | $19.10/hr | $21/hr plus annual percentage after $21* |
| 12 | $18.70/hr | $0.50/hr move to $21/hr in one step* |
| 11 | $18.10/hr | Move to new Step 11 (= one step to $21/hr) |
| 7-10 | $17.10-$17.50/hr | At least $0.50/hr (several steps closer to $21/hr) |
| 3-6 | $16.75/hr-$17.10/hr | $0.50/hr offscale (5-6 steps closer to $21/hr) |
| 1-2 | New hire to approx 12 months (if working 40 hrs/week) | Faster progression & no longer frozen @ $16.75 |

*Once an employee reaches $21 or higher, they will receive annual percentage wage increases:
- 2024: 3%
- 2025: 2%
- 2026: 2%

| ਚਰਣ | ਸਰਵਿਸ ਦਾ ਲਗਭਗ ਸਮਾਂ ਜਾਂ ਅੱਜ ਇਸ ਚਰਣ 'ਤੇ ਰੇਟ | ਐਤਵਾਰ 16 ਜੁਲਾਈ ਤੋਂ ਨਵਾਂ ਵੇਤਨ |
|---|---|---|
| 13 | $19.10/ਘੰਟਾ | $21/ਘੰਟਾ ਅਤੇ ਨਾਲ ਹੀ $21* ਦੇ ਬਾਅਦ ਦਾ ਸਾਲਾਨਾ ਪ੍ਰਤੀਸ਼ਤ |
| 12 | $18.70/ਘੰਟਾ | $0.50/ਘੰਟਾ ਦੀ ਥਾਂ 'ਤੇ ਇੱਕ ਚਰਣ ਬਾਅਦ $21/ਘੰਟਾ* |
| 11 | $18.10/ਘੰਟਾ | ਨਵੇਂ ਚਰਣ 11 ਵਿੱਚ ਜਾਣਾ (= $21/ਘੰਟਾ ਲਈ 1 ਚਰਣ) |
| 7-10 | $17.10-$17.50/ਘੰਟਾ | ਘੱਟੋ-ਘੱਟ $0.50/ਘੰਟਾ ($21/ਘੰਟਾ ਦੇ ਕਈ ਚਰਣ ਜ਼ਿਆਦਾ ਨੇੜੇ) |
| 3-6 | $16.75/ਘੰਟਾ-$17.10/ਘੰਟਾ | $0.50/ਘੰਟਾ ਸਕੇਲ ਤੋਂ ਬਾਹਰ ($21/ਘੰਟਾ ਦੇ 5-6 ਚਰਣ ਨੇੜੇ) |
| 1-2 | ਨਵੇਂ ਭਰਤੀ ਤੋਂ ਲੈ ਕੇ ਤਕਰੀਬਨ 12 ਮਹੀਨੇ (ਜੇ 40 ਘੰਟੇ/ਹਫ਼ਤਾ ਕੰਮ ਕਰ ਰਹੇ ਹਨ) | ਤੇਜ਼ੀ ਨਾਲ ਅੱਗੇ ਵਧਣਾ ਅਤੇ ਪਹਿਲਾਂ ਵਾਂਗ @ $16.75 'ਤੇ ਰੁਕੇ ਨਾ ਰਹਿਣਾ |
| *ਜਦੋਂ ਕੋਈ ਕਰਮਚਾਰੀ $21 ਜਾਂ ਉਸ ਤੋਂ ਉੱਪਰ ਪਹੁੰਚ ਜਾਏਗਾ ਤਾਂ ਉਸਨੂੰ ਹੇਠਲਾ ਸਾਲਾਨਾ ਵੇਤਨ ਪ੍ਰਤੀਸ਼ਤ ਵਾਧਾ ਮਿਲੇਗਾ:<br>• 2024: 3%<br>• 2025: 2%<br>• 2026: 2% | | |

***ਕੰਮ/ਜੀਵਨ ਵਿੱਚ ਸੁਧਾਰ ਅਤੇ ਸਮਾਂ-ਸਾਰਣੀ ਵਿੱਚ ਜ਼ਿਆਦਾ ਲਚਕੀਲਾਪਣ***

**ਨਵਾਂ ਕੀ ਹੈ:** ਕਿਹੜੇ ਦਿਨਾਂ ਨੂੰ ਅਤੇ ਦਿਨ ਦੇ ਕਿਹੜੇ ਸਮੇਂ ਤੁਸੀਂ ਕੰਮ ਕਰਨਾ ਚਾਹੁੰਦੇ ਹੋ – ਇਸ ਮਾਮਲੇ ਵਿੱਚ ਜ਼ਿਆਦਾ ਅਖਤਿਆਰ। ਕਰਮਚਾਰੀ ਸਾਲ ਵਿੱਚ 5 ਵਾਰੀ ਆਪਣੀ ਉਪਲਬਧਤਾ ਵਿੱਚ ਤਬਦੀਲੀ ਬਾਰੇ ਆਖ ਸਕਦੇ ਹਨ **ਅਤੇ** ਦਿਨ ਦੇ ਸਮੇਂ ਦੀ ਉਪਲਬਧਤਾ ਨੂੰ 32 ਘੰਟੇ ਤੱਕ ਸੀਮਤ ਕਰ ਸਕਦੇ ਹਨ।

**ਨਵਾਂ ਕੀ ਹੈ:** ਹਫਤੇ ਵਿੱਚ 4 ਦਿਨ ਫੁੱਲ ਟਾਈਮ (4x9 ਘੰਟੇ ਦੀਆਂ ਸ਼ਿਫਟਾਂ ਜਾਂ 4x10 ਘੰਟੇ ਦੀਆਂ ਸ਼ਿਫਟਾਂ) ਦੀ ਘੱਟੋ-ਘੱਟ 5 ਸਟੋਰਾਂ ਵਿੱਚ ਛੋਟੇ ਅਰਸੇ ਦੀ ਅਜ਼ਮਾਇਸ਼ੀ ਯੋਜਨਾ ਜਿਸਦਾ ਹੋਰ ਵਿਸਤਾਰ ਕੀਤਾ ਜਾ ਸਕਦਾ ਹੈ। ਕਰਮਚਾਰੀਆਂ ਕੋਲ ਇਸ ਵਿੱਚ ਹਿੱਸਾ ਲੈਣ ਦੀ ਚੋਣ ਹੋਵੇਗੀ।

**ਨਵਾਂ ਕੀ ਹੈ:** ਸ਼ੁਰੂਆਤ ਲਈ 10 ਸਟੋਰਾਂ ਵਿੱਚ 2 ਹਫ਼ਤਿਆਂ ਦੀ ਸਮਾਂ-ਸਾਰਣੀ ਦੇ ਰਾਹੀਂ ਵਧੇਰੇ ਇਕਸਾਰ ਸਮਾਂ-ਸਾਰਣੀ**,** ਘੱਟ ਤਬਦੀਲੀਆਂ ਅਤੇ RTO ਨੂੰ ਉਸ ਮਿਤੀ ਦੇ ਨੇੜੇ ਪੇਸ਼ ਕਰਨ ਦੀ ਸਮਰੱਥਾ ਜਿਸ ਦਿਨ ਤੁਸੀਂ ਛੁੱਟੀ ਚਾਹੁੰਦੇ ਹੋ।

**ਨਵਾਂ ਕੀ ਹੈ:** ਕਾਨੂੰਨੀ ਛੁੱਟੀਆਂ ਅਤੇ ਅਦਾਇਗੀਸ਼ੁਦਾ ਛੁੱਟੀਆਂ ਨੂੰ ਹੁਣ ਸਮੂਹਿਕ ਸਮਝੌਤੇ ਦੇ ਉਦੇਸ਼ਾਂ ਲਈ ਕੰਮ ਕੀਤਾ ਸਮਾਂ ਮੰਨਿਆ ਜਾਵੇਗਾ।

***ਕਰਮਚਾਰੀਆਂ ਸਬੰਧੀ ਮੁੱਖ ਸੁਧਾਰ***

**ਨਵਾਂ ਕੀ ਹੈ:** *40 ਇਨ/ 40 ਆਉਟ ਸਟੈਪ ਡਾਊਨ* ਪ੍ਰਕਿਰਿਆ ਹੁਣ ਨਹੀਂ ਰਹੇਗੀ।

**ਨਵਾਂ ਕੀ ਹੈ:** ਡਿਪਾਰਟਮੈਂਟ ਮੈਨੇਜਰਾਂ ਅਤੇ ਸੁਪਰਵਾਈਜ਼ਰਾਂ ਨੂੰ ਇੱਕ ਹਫ਼ਤੇ ਵਿੱਚ 40 ਘੰਟਿਆਂ ਤੋਂ ਵੱਧ ਕੰਮ ਕੀਤੇ ਸਾਰੇ ਘੰਟਿਆਂ ਲਈ ਓਵਰਟਾਈਮ ਮਿਲੇਗਾ **ਅਤੇ** 10 ਸਾਲਾਂ ਵਿੱਚ ਪਹਿਲੀ ਵਾਰ ਕਾਨੂੰਨੀ ਛੁੱਟੀਆਂ ਲਈ ਅੱਧੇ ਸਮੇਂ ਲਈ ਭੁਗਤਾਨ ਕੀਤਾ ਜਾਵੇਗਾ।

**ਨਵਾਂ ਕੀ ਹੈ:** ਨਵੇਂ ਰੇਟ ਤੋਂ ਉੱਪਰ ਵਾਲੇ ਕਿਸੇ ਵੀ ਡਿਪਾਰਟਮੈਂਟ ਮੈਨੇਜਰ ਜਾਂ ਸੁਪਰਵਾਈਜ਼ਰ ਲਈ 2 ਅਪ੍ਰੈਲ 2023 ਤੋਂ ਡਿਪਾਰਟਮੈਂਟ ਮੈਨੇਜਰ ਰੇਟ ਵਿੱਚ ਵਾਧਾ **ਅਤੇ** ਵੇਤਨ ਵਿੱਚ ਵਾਧਾ।

**ਨਵਾਂ ਕੀ ਹੈ:** ਟੀਮ ਲੀਡ/ਸਹਾਇਕ ਡਿਪਾਰਟਮੈਂਟ ਮੈਨੇਜਰ ਵੇਤਨ ਸਕੇਲਾਂ ਲਈ ਜ਼ਿਆਦਾ ਉੱਚੇ ਵੇਤਨ ਸਕੇਲ ਜਿਨ੍ਹਾਂ ਦੀ ਹਰ ਸਾਲ ਸਮੀਖਿਆ ਕੀਤੀ ਜਾਵੇਗੀ।

**ਨਵਾਂ ਕੀ ਹੈ:** ਮੁੱਖ ਕਰਮਚਾਰੀਆਂ ਨੂੰ ਰਾਤ 9:00 ਵਜੇ ਤੋਂ ਬਾਅਦ ਸ਼ੁਰੂ ਹੋਣ ਵਾਲੀਆਂ ਸ਼ਿਫਟਾਂ ਲਈ $2.00 ਪ੍ਰਤੀ ਘੰਟਾ ਰਾਤ ਦੇ ਕੰਮ ਦਾ ਪ੍ਰੀਮੀਅਮ ਮਿਲੇਗਾ।

***<u>ਨੌਂਕਰੀ ਸਰੁੱਖਿਆ ਸੁਧਾਰ</u>***

**ਨਵਾਂ ਕੀ ਹੈ:** BC ਵਿੱਚ ਘੱਟੋ-ਘੱਟ 5 ਅਤੇ ਵੱਧ ਤੋਂ ਵੱਧ 15 Pattison Food Group ਸਟੋਰਾਂ ਨੂੰ ਇੱਕ ਯੂਨੀਅਨਾਈਜ਼ਡ ਬੈਨਰ ਵਿੱਚ ਤਬਦੀਲ ਕਰਨ ਵਾਲੇ ਘੱਟੋ-ਘੱਟ 118 Save On Foods ਨੂੰ ਕਾਰਜਸ਼ੀਲ ਰੱਖਣ ਦੀ ਗਰੰਟੀ।

***<u>ਹਜ਼ਾਰਾਂ ਮੈਂਬਰਾਂ ਲਈ ਮਹੱਤਵਪੂਰਨ ਪੈਨਸ਼ਨ ਲਾਭ ਸੁਧਾਰ</u>***

31 ਦਸੰਬਰ, 2013 ਤੋਂ ਬਾਅਦ ਭਰਤੀ ਕੀਤੇ ਗਏ ਸਾਰੇ ਕਰਮਚਾਰੀਆਂ ਲਈ ਪੈਨਸ਼ਨ ਲਾਭ ਦੇ ਪੱਧਰ ਨੂੰ ਪਹਿਲਾਂ ਘੱਟ ਕਰ ਦਿੱਤਾ ਗਿਆ ਸੀ। ਸਮਝੌਤੇ ਲਈ ਗੱਲਬਾਤ ਦੇ ਇਸ ਦੌਰ ਵਿੱਚ, ਅਸੀਂ ਪੈਨਸ਼ਨ ਸੁਧਾਰਾਂ ਲਈ ਸਹਿਮਤ ਹੋਏ ਹਾਂ ਜਿਸਦਾ ਮਤਲਬ ਹੈ ਕਿ ਤੁਹਾਡੀ ਨੌਂਕਰੀ ਦੀ ਮਿਤੀ ਤੋਂ 30-40% ਲਾਭ ਪ੍ਰਾਪਤੀ ਦਾ ਵਾਧਾ ਹੋਵੇਗਾ।

ਇਹ ਉਨ੍ਹਾਂ ਹਜ਼ਾਰਾਂ ਮੈਂਬਰਾਂ ਲਈ ਮਹੱਤਵਪੂਰਨ ਪੈਨਸ਼ਨ ਵਾਧਾ ਹੈ ਜੋ 31 ਦਸੰਬਰ, 2013 ਤੋਂ ਪਹਿਲਾਂ ਨਿਯੁਕਤ ਕੀਤੇ ਗਏ ਕਰਮਚਾਰੀਆਂ ਨਾਲੋਂ ਘੱਟ ਪੱਧਰ 'ਤੇ ਲਾਭ ਪ੍ਰਾਪਤ ਕਰ ਰਹੇ ਹਨ।

**ਅਤੇ** 31 ਦਸੰਬਰ**,** 2013 ਤੋਂ ਪਹਿਲਾਂ ਨਿਯੁਕਤ ਕੀਤੇ ਗਏ ਸਾਰੇ ਕਰਮਚਾਰੀ**,** ਆਪਣੇ ਲਾਭ ਪ੍ਰਾਪਤੀ ਦੇ ਜ਼ਿਆਦਾ ਉੱਚੇ ਪੱਧਰਾਂ ਅਤੇ ਛੇਤੀ ਰਿਟਾਇਰਮੈਂਟ ਬ੍ਰਿਜਿੰਗ ਅਤੇ ਘੱਟੋ-ਘੱਟ ਲਾਭ ਪੱਧਰਾਂ ਨੂੰ ਸਥਾਈ ਤੌਰ 'ਤੇ ਸੁਰੱਖਿਅਤ ਕਰਨ ਦੇ ਵਾਧੂ ਸੁਧਾਰ ਨੂੰ ਬਰਕਰਾਰ ਰੱਖਣਗੇ।

ਇਹ ਮਹੱਤਵਪੂਰਨ ਪੈਨਸ਼ਨ ਲਾਭ ਸੁਧਾਰ ਹਨ ਜਿਹੋ ਜਿਹੇ 10 ਸਾਲਾਂ ਤੋਂ ਵੱਧ ਸਮੇਂ ਵਿੱਚ ਨਹੀਂ ਕੀਤੇ ਗਏ ਹਨ!

***<u>ਕਲਰਕਾਂ ਦੇ ਕੰਮ ਸਬੰਧੀ ਧਾਰਾ</u>***

ਵੇਚਣ ਵਾਲਿਆਂ ਲਈ *ਸਾਈਨ ਇਨ/ਆਉਟ* ਯੂਨੀਅਨ ਕੋਲ ਉਪਲਬਧ ਹੋਣਗੇ ਅਤੇ ਅੱਜ ਜਿਨ੍ਹਾਂ ਨੂੰ ਸਟਾਕ ਕਰਨ ਦੀ ਇਜਾਜ਼ਤ ਹੈ ਉਹਨਾਂ ਵਿੱਚ ਕਿਸੇ ਹੋਰ ਵਾਧੂ ਵਿਕਰੇਤਾਂ ਨੂੰ **<u>ਨਹੀਂ</u>** ਜੋੜਿਆ ਜਾਏਗਾ।

***<u>ਕਰਮਚਾਰੀ ਲਾਭ ਯੋਜਨਾ ਵਿੱਚ ਸੁਧਾਰ</u>***

*ਕਰਮਚਾਰੀ ਲਾਭ ਯੋਜਨਾ* ਸਰਪਲੱਸ ਦਾ ਮਤਲਬ ਹੈ 2023 ਦੇ ਅੰਤ ਤੱਕ ਗੈਰ-ਗ੍ਰਿਡ A ਕਰਮਚਾਰੀਆਂ ਲਈ ਲਾਭ ਸੁਧਾਰ ਹੋਣਾ, ਜਿਨ੍ਹਾਂ ਵਿੱਚ ਅਜਿਹੇ ਸੰਭਾਵੀ ਸੁਧਾਰ ਸ਼ਾਮਲ ਹਨ ਜਿਵੇਂ ਕਿ ਬਿਨਾਂ ਤਨਖਾਹ ਦੀ ਬਿਮਾਰੀ ਛੁੱਟੀ 'ਤੇ ਕਰਮਚਾਰੀਆਂ ਲਈ ਲਾਭ ਜਾਰੀ ਰੱਖਣਾ।

***<u>ਮਿਆਦ:</u>***

ਇਕਰਾਰਨਾਮੇ ਦੀ ਮਿਆਦ 5 ਸਾਲ ਹੈ ਅਤੇ 2023, 2024, 2025 ਅਤੇ 2026 ਲਈ ਤਾਲਾਬੰਦ ਵੇਤਨ ਵਾਧਾ ਹੈ। ਇਸ ਦੇ ਇਲਾਵਾ 2026 ਅਤੇ 2027 ਵਿੱਚ ਬਿਹਤਰ ਵੇਤਨ ਸਕੇਲ ਅਤੇ ਹੋਰ ਵਾਧੇ ਲਈ 2026 ਵਿੱਚ ਦੁਬਾਰਾ ਗੱਲਬਾਤ ਸ਼ੁਰੂ ਕੀਤੀ ਜਾਵੇਗੀ।

-ਸਮਾਪਤ-